ਅੱਗ ਦੀ ਪਹਾੜੀ

ਟੱਮਸ ਪੀ ਲੇਵਿਸ

ਚਿੱਤਰ: ਜੋਨ ਸੈਂਡਿਨ

ਪੰਜਾਬੀ ਰੂਪਾਂਤਰ: ਰਵੀਂਦ੍ਰ 'ਰਵਿ' '



ਅੱਗ ਦੀ ਪਹਾੜੀ

ਟੱਮਸ ਪੀ ਲੇਵਿਸ

ਚਿੱਤਰ: ਜੋਨ ਸੈਂਡਿਨ

ਪੰਜਾਬੀ ਰੂਪਾਂਤਰ: ਰਵੀਂਦ੍ਰ 'ਰਵਿ' '





ਇੱਕ ਵਾਰੀ ਦੀ ਗੱਲ ਹੈ , (ਅਮਰੀਕਾ ਵਿਖੇ) ਮੈਕਸੀਕੋ ਵਿੱਚ ਇੱਕ ਕਿਸਾਨ ਰਹਿੰਦਾ ਸੀ।ਉੱਥੇ ਉਹ ਇੱਕ ਛੋਟੇ ਜਿਹੇ ਪਿੰਡ ਵਿੱਚ ਰਹਿੰਦਾ ਸੀ।ਉਸਦਾ ਘਰ ਵੀ ਛੋਟਾ ਜਿਹਾ ਸੀ ਸਿਰਫ਼ ਇੱਕ ਕਮਰੇ ਵਾਲਾ ।




ਕਿਸਾਨ ਖੁਸ਼ ਨਹੀਂ ਸੀ ਰਹਿੰਦਾ।

"ਇੱਥੇ ਕਦੇ ਕੁਝ ਨਹੀਂ ਹੁੰਦਾ," ਉਹ ਹਮੇਸ਼ਾ ਸ਼ਿਕਾਇਤ ਕਰਦਾ।

ਪਿੰਡ ਵਾਲੇ ਕਿਸਾਨ ਨੂੰ ਮੂਰਖ ਸਮਝਦੇ।

"ਸਾਡੇ ਕੋਲ ਉਹ ਸਭ ਕੁਝ ਹੈ ਜਿਸਦੀ ਸਾਨੂੰ ਲੋੜ ਹੈ," ਉਹ ਕਹਿੰਦੇ,



... ਅਤੇ ਇੱਕ ਪੁਰਾਣੀ ਘੰਟੇ ਵਾਲੀ ਚਰਚ ਵੀ ,ਜਿੱਥੇ ਹਰ ਐਤਵਾਰ ਨੂੰ ਘੰਟਾ ਵੱਜਦਾ ਹੈ। ਸਾਡਾ ਪਿੰਡ ਸਭ ਤੋਂ ਵਧੀਆ ਹੈ।“

"ਪਰ ਇੱਥੇ ਕਦੇ ਕੁਝ ਨਹੀਂ ਹੁੰਦਾ," ਕਿਸਾਨ ਬਾਰ-ਬਾਰ ਦੁਦੁਹਰਾਂਦਾ



“ਸਾਡੇ ਕੋਲ ਇੱਕ ਸਕੂਲ ਹੈ, ਅਤੇ ਇੱਕ ਬਾਜ਼ਾਰ ਵੀ ।

ਹਰ ਸਵੇਰੇ ਜਦੋਂ ਕਿਸਾਨ ਨੀਂਦ ਤੋਂ ਜਾਗਦਾ, ਸਭ ਤੋਂ ਪਹਿਲਾਂ ਜਿਹੜੀ ਚੀਜ਼ ਉਹ ਵੇਖਦਾ ,ਉਹ ਸੀ ਆਪਣੇ ਛੋਟੇ ਜਿਹੇ ਘਰ ਦੀ ਛੱਤ।

ਨਾਸ਼ਤੇ ਵਿੱਚ ਉਹ ਦੋ ਮੱਕੀ ਦੀਆਂ ਰੋਟੀਆਂ ਖਾਂਦਾ ,ਜਿਹੜੀਆਂ ਉਸਦੀ ਪਤਨੀ ਨੇ ਪਿਛਲੀ ਰਾਤ ਬਣਾਈਆਂ ਹੁੰਦੀਆਂ ਸਨ। ਉਹ ਰੋਟੀਆਂ ਉੱਤੇ ਸ਼ਹਿਦ ਪਾਉਂਦਾ ਅਤੇ ਮਿੱਟੀ ਦੇ ਮੱਗ'ਚੋਂ ਦਾਲਚੀਨੀ ਵਾਲੀ ਚਾਹ ਪੀਂਦਾ।

"ਇੱਥੇ ਕਦੇ ਕੁਝ ਨਹੀਂ ਹੁੰਦਾ," ਉਹ ਕਹਿੰਦਾ।




ਉਸ ਦਿਨ ਸਵੇਰੇ , ਅਜੇ ਵੀ ਹਨੇਰਾ ਹੀ ਸੀ। ਕਿਸਾਨ ਆਪਣੇ ਖੇਤ ਜਾਣ ਲਈ ਤਿਆਰ ਹੋ ਗਿਆ। ਉਸਦਾ ਪੁੱਤਰ, ਪਾਬਲੋ, ਅਜੇ ਵੀ ਸੁੱਤਾ ਪਿਆ ਸੀ।

"ਸ਼ਾਇਦ ਅੱਜ ਕੁਝ ਤਾਂ ਹੋਵੇਗਾ," ਉਸਦੀ ਪਤਨੀ ਨੇ ਕਿਹਾ।"


"ਨਹੀਂ ਨਹੀਂ ," ਕਿਸਾਨ ਨੇ ਕਿਹਾ।, "ਇੱਥੇ ਕਦੇ ਕੁਝ ਨਹੀਂ ਹੋਣਾ ।"

ਕਿਸਾਨ ਨੇ ਆਪਣੇ ਬੱਲੱਦ ਨੂੰ ਅੱਗੇ ਖੇਤਾਂ ਵੱਲ ਜੋਤ ਲਿਆ ਅਤੇ ਫੇਰ ਉਸ ਵਾਪਸ ਮੁੜਕੇ ਨਹੀਂ ਵੇਖਿਆ।



ਰਾਤ ਨੂੰ ਕਿਸਾਨ ਘਰ ਵਾਪਸ ਆ ਗਿਆ ।
ਉਸਨੇ ਆਪਣੇ ਬਲਦ ਨੂੰ ਚਾਰਾ ਪਾਇਆ ਤੇ
ਫਿਰ ਉਹ ਅੱਗ ਦੇ ਕੋਲ ਬੈਠ ਗਿਆ।

ਪਾਬਲੋ ਪੰਜ ਚਿਕਣੇ ਪੱਥਰਾਂ (ਗੋਟੀਆਂ) ਨਾਲ ਖੇਡ ਰਿਹਾ ਸੀ।ਉਸਨੇ ਉਨ੍ਹਾਂ ਗੋਟੀਆਂ ਨੂੰ ਜ਼ਮੀਨ ਤੇ ਪੱਟੀ ਹੋਈ ਇੱਕ ਮੋਰੀ ਵੱਲ ਸੁੱਟਿਆ । ਇੱਕ ਗੋਟੀ ਮੋਰੀ ਵਿੱਚ ਚਲੀ ਗਈ "ਵੇਖੋ ਪਾਪਾ!" ਪਾਬਲੋ ਹੁੰਗਾਰਿਆ, “।ਮੇਰੀ ਇੱਕ ਗੋਟੀ ਅੰਦਰ ਚਲੀ ਗਈ ਹੈ । “



ਪਰ ਕਿਸਾਨ ਥੱਕਿਆ ਹੋਇਆ ਸੀ।
ਉਸਨੇ ਕੋਈ ਜਵਾਬ ਨ੍ਹਾਂ ਦਿੱਤਾ।

ਹਰ ਦਿਨ ਇਵੇਂ ਹੀ ਹੁੰਦਾ ।

ਇੱਕ ਸਵੇਰੇ, ਕਿਸਾਨ ਬਹੁਤ ਜਲਦੀ ਉੱਠ ਗਿਆ। ਉਸਨੇ ਆਪਣੀ ਉੂੰਨੀ ਕਮੀਜ਼ ਪਾ ਲਈ; ਕੰਧ 'ਤੇ ਲੱਗੀ ਕਿੱਲੀ ਤੋਂ ਆਪਣਾ ਵੱਡਾ ਟੋਪ ਲਾਹ ਕੇ ਪਾ ਲਿਆ ਲਿਆ।

"ਮੈਨੂੰ ਅੱਜ ਜਲਦੀ ਖੇਤ ਜਾਣਾ ਚਾਹੀਦਾ ਹੈ।"


ਉਸਨੇ ਕਿਹਾ "ਖੇਤਾਂ ਨੂੰ ਅਜੇ ਵਾਹਿਆ ਨਹੀਂ, ਤੇ ਜਲਦੀ ਹੀ ਅਨਾਜ ਬੀਜਣ ਦਾ ਸਮਾਂ ਆ ਜਾਣੈ।"



ਪੂਰੀ ਸਵੇਰ ਕਿਸਾਨ ਆਪਣੇ ਖੇਤ ਵਿੱਚ ਕੰਮ ਕਰਦਾ ਰਿਹਾ।

ਬਲਦ ਨੇ ਵੀ ਉਸਦੀ ਮਦਦ ਕੀਤੀ।

।



ਹਲ ਵਾਹੁੰਦਿਆ , ਬਲਦ ਇੱਕ ਜਗਹ ਤੇ ਰੁੱਕ ਗਿਆ। ਖੇਤ ਵਿੱਚ ਉੱਥੇ ਇੱਕ ਵੱਡੀ ਸਾਰੀ ਚੱਟਾਨ ਸੀ। ਉੱਥੇ ਚੱਟਾਨ ਅੱਗੇ ਬੈਲ ਬੈਹਿ ਗਿਆ। ਕਿਸਾਨ ਨੇ ਚੱਟਾਨ ਨੂੰ ਦੂਰ ਧੱਕਿਆ'।

ਹਟ.ਟ.. ਟ!" ਕਿਸਾਨ ਨੇ ਬੈਲ ਨੂੰ ਹੌਕਾ ਮਾਰਿਆ। ਬੈਲ ਨੇ ਕਿਸਾਨ ਵੱਲ ਤੱਕਿਆ

ਬੈਲ ਫਿਰ ਉੱਠਿਆ;
ਅਤੇ ਉਸਨੇ ਫ਼ਿਰ
ਜ਼ੋਰ ਲਾਇਆ।

ਪਾਬਲੋ ਦੁਪਹਿਰ ਵੇਲੇ ਖੇਤ 'ਤੇ
ਆਇਆ ਜਦੋਂ ਸੂਰਜ ਉੱਚਾ ਚੜ੍ਹਿਆ
ਹੋਇਆ ਸੀ।



"ਪਾਬਲੋ!" ਕਿਸਾਨ ਨੇ ਪੁੱਛਿਆ ,"ਤੂੰ ਅੱਜ ਸਕੂਲ ਨਹੀਂ ਗਿਆ?" "ਪਾਪਾ, ਅੱਜ ਸਕੂਲ ਨਹੀਂ ਆ,ਸਕੂਲ ਵਿੱਚ ਛੁੱਟੀ ਆ ," ਪਾਬਲੋ ਨੇ ਕਿਹਾ। ਮੈਂ ਤੁਹਾਨੂੰ ਹਲ ਵਾਹੁਣ ਵਿੱਚ ਮਦਦ ਕਰਨ ਆਇਆ ਹਾਂ," ਪਾਬਲੋ ਨੇ ਕਿਹਾ। ਕਿਸਾਨ ਮੁਸਕਰਾਇਆ। ਉਸ ਨੇ ਆਪਣੀ ਜੇਬ ਵਿੱਚ ਹੱਥ ਪਾਇਆ ਅਤੇ ਪਾਬਲੋ ਨੂੰ ਇੱਕ ਛੋਟਾ ਜਿਹਾ ਲੱਕੜ ਦਾ ਖਿਡੌਣਾ ਦਿੱਤਾ। "ਇਕ ਬਲਦ!" ਪਾਬਲੋ ਚੌਂਕਿਆ ।(ਕਿਸਾਨ ਨੇ ਦਿਨ ਦੀ ਗਰਮੀ ਵਿੱਚ ਦੁਪਹਰੇ ਆਪਣੇ ਆਰਾਮ ਵੇਲੇ ਇਹ ਖਿਡੌਣਾ ਆਪਣੇ ਪੁੱਤਰ ਲਈ ਬਣਾਇਆ ਸੀ।)



ਪਾਬਲੋ ਨੇ ਕਿਸਾਨ ਦੀ ਖੇਤ ਵਾਹੁਣ ਵਿੱਚ ਮਦਦ ਕੀਤੀ।

ਜਦੋਂ ਪਿਓ –ਪੁੱਤਰ ਹੱਲ ਵਾਹੰਦਿਆ ਖੇਤ ਦੇ ਵਿਚਕਾਰ ਹੀ ਸਨ ਤੇ ਇੱਕ ਜਗ੍ਹਾ ਤੇ ਆਕੇ ਹੱਲ ਅਟਕ ਗਿਆ ।

ਬਲਦ ਨੇ ਹਲ ਖਿੱਚਿਆ, ਅਤੇ ਇਸਦੇ ਹੇਠਲੀ ਮਿੱਟੀ ਉੱਪਰ ਆ ਗਈ। ਪਰ ਅਚਾਨਕ ਹਲ ਰੁਕ ਗਿਆ। ਕਿਸਾਨ ਅਤੇ ਉਸਦੇ ਪੁੱਤਰ ਨੇ ਧੱਕਾ ਲਾਇਆ, ਬਲਦ ਨੇ ਖਿੱਚਿਆ;ਪਰ ਹਲ ਨਹੀਂ ਹਿੱਲਿਆ; ਇੱਕ ਇੰਚ ਵੀ । ਹਲ ਮਿੱਟੀ ਵਿੱਚ ਧੱਸ ਗਿਆ। ਅਤੇ ਫਿਰ ਇਹ ਮਿੱਟੀ ਵਿੱਚ ਧੱਸਦਾ ਹੀ ਗਿਆ , ਹੇਠਾਂ!.. ਹੋਰ ਹੇਠਾਂ ... ਤੇ ਹੱਲ ਇੱਕ ਛੋਟੀ ਜਿਹੀ ਮੋਰੀ ਵਿੱਚ ਚਲਾ ਗਿਆ ।



.ਪਰ ਅਚਾਨਕ, ਛੋਟੀ ਮੋਰੀ ਹੌਲੀ-ਹੌਲੀ ਇੱਕ ਵੱਡਾ ਸਾਰਾ ਟੋਆ ਬਣਨ ਲੱਗਾ ।ਜ਼ਮੀਨ ,ਹੇਠੋਂ ਇੱਕ ਉੱਚੀ ਆਵਾਜ਼ ਆਉਣ ਲੱਗੀ;ਜਿਵੇਂ ਕਿਸੇ ਵੱਡੀ ਚੀਜ਼ ਦੇ ਗਰਜਣ ਦੀ ਆਵਾਜ਼ ਹੋਵੇ।

ਕਿਸਾਨ ਨੇ ਵੇਖਿਆ।....ਪਾਬਲੋ ਨੇ ਵੀ ਵੇਖਿਆ..। ।ਬਲਦ ਨੇ ਆਪਣਾ ਸਿਰ ਮੋਡ ਲਿਆ । ਜ਼ਮੀਨ ਵਿੱਚ ਦੇ ਟੋਏ ਵਿੱਚੋਂ ਚਿੱਟਾ ਧੂੰਆਂ ਨਿਕਲ ਰਿਹਾ ਸੀ।



"ਭੱਜ ..ਬੱਲਿਆ ਭੱਜ . !"
ਕਿਸਾਨ ਚੀਕਿਆ।"ਜਾਹ ...
ਭੱਜ ਜਾ !"



ਫਿਰ ਧਰਤੀ ਜ਼ੋਰ ਨਾਲ ਫਟ ਗਈ। ... ਅਤੇ ਜ਼ਮੀਨ ਵਿੱਚ ਪਾੜ ਪੈ ਗਿਆ ... ।ਕਿਸਾਨ ਭੱਜਿਆ। ... ਪਾਬਲੋ ਭੱਜਿਆ.. ।ਬਲਦ ਵੀ ਭੱਜ ਲਿਆ ।

ਜ਼ਮੀਨ ਤੋਂ ਅੱਗ ਅਤੇ ਧੂੰਆਂ ਉੱਠ ਰਿਹਾ ਸੀ।




ਕਿਸਾਨ ਆਪਣੇ ਪਿੰਡ ਵੱਲ ਭੱਜਦਾ ਗਿਆ।ਉਹ ਭੱਜ ਕੇ ਚਰਚ ਵਿੱਚ ਗਿਆ ਅਤੇ ਉਸ ਚਰਚ ਦੀ ਘੰਟੀ ਉੱਚੀ-ਉੱਚੀ ਵਜਾਈ।



ਹੋਰ ਕਿਸਾਨ ਵੀ ਆਪਣੇ ਖੇਤ ਛੱਡ ਕੇ ਭੱਜੇ ਆਏ। ਲੋਕ ਆਪਣੇ ਘਰਾਂ ਵਿੱਚੋਂ ਭੱਜੇ ਆਏ।"ਦੇਖੋ!" ਕਿਸਾਨ ਨੇ ਖੇਤਾਂ ਵੱਲ ਇਸ਼ਾਰਾ ਕਰਦਿਆਂ ਕਿਹਾ,

"ਉਧਰ ਤੱਕਿਆ ਜੇ !!!!... "।




ਉਸ ਰਾਤ ਕੋਈ ਨਹੀਂ ਸੁੱਤਾ।ਸਾਰਿਆਂ ਨੇ
ਅਸਮਾਨ ਵੱਲ ਅੱਗ ਉੱਠਦਿਆਂ ਨੂੰ ਵੇਖਿਆ ।



ਅੱਗ ਉੱਥੋਂ ਆ ਰਹੀ ਸੀ ਜਿੱਥੋਂ
ਕਿਸਾਨ ਦਾ ਖੇਤ ਸੀ।




ਫਿਰ ਇੱਕ ਜ਼ੋਰਦਾਰ ਧਮਾਕਾ
ਹੋਇਆ,... ਫਿਰ ਇੱਕ ਹੋਰ... ,
ਫਿਰ ਇੱਕ ਹੋਰ...



ਗਰਮ ਲਾਵਾ ਜ਼ਮੀਨ ਤੋਂ ਨਿਕਲਣ ਲੱਗਾ। ... ਲਾਵਾ ਦਰੱਖਤਾਂ ਵਿੱਚੋਂ ਲੰਘ ਕੇ ਜ਼ਮੀਨ ਉੱਤੇ ਫੈਲ ਗਿਆ।... ਇਹ ਉਸਦੇ ਪਿੰਡ ਵੱਲ ਲੱਗਾ ਫ਼ੈਲਣ ..। ਤੇ ਹੁਣ ਲਾਵਾ ਕਿਸਾਨ ਦੇ ਘਰ ਵੱਲ ਵਹਿ ਚੱਲਿਆ.... । ਬਲਦੇ ਪੱਥਰਾਂ ਦੇ ਟੁਕੜੇ ਹਵਾ ਵਿੱਚ ਉੱਡਣ ਲੱਗੇ।....

ਹੁਣ ਧਰਤੀ ਖੰਘ ਰਹੀ ਸੀ.. । ਹਰ ਵਾਰ ਜਦੋਂ ਇਹ ਖੰਘਦੀ, ਅੱਗ ਦਾ ਇੱਕ ਵੱਡਾ ਪਹਾੜ ਅਸਮਾਨ ਵਿੱਚ ਉੱਠ ਜਾਂਦਾ ... ।



ਕੁਝ ਦਿਨਾਂ ਦੇ ਅੰਦਰ, ਪਹਾੜੀ ਇੱਕ ਉੱਚੇ ਪਹਾੜ ਜਿੰਨੀ ਵੱਡੀ ਹੋ ਗਈ।ਅਤੇ ਹਰ ਕੁਝ ਮਿੰਟਾਂ ਬਾਅਦ ਉੱਚੀ ਆਵਾਜ਼ ਆਉਂਦੀ "..ਬੂ ਓ ਓ .. ." ਇੱਕ ਜ਼ੋਰਦਾਰ ਧਮਾਕਾ ਹੁੰਦਾ। ਗਿਲਹਰੀਆਂ, ਖਰਗੋਸ਼ ਤੱਰਭਇਕੱ ਕੇ ਦੌੜਦੇ ਅਤੇ ਪੰਛੀ ਅੱਗ ਤੋਂ ਜਾਨ ਬਚਾਓਊਣ ਲਈ ਉੱਡਦੇ ।ਲੋਕਾਂ ਨੇ ਆਪਣੇ ਔਜ਼ਾਰਾਂ ਅਤੇ ਬਲਦਾਂ ਨੂੰ ਸੁਰੱਖਿਅਤ ਥਾਂ 'ਤੇ ਬਹਾਲ ਕਰ ਲਿਆ ।


ਬਲਦੀ ਸੁਆਹ ਦੇ ਅੱਗ ਦੇ ਲਾਲ ਗੋਲੇ ਹਵਾ ਵਿੱਚ ਚੌਹੇਂ ਪਾਸੇ ਉੱਡ ਰਹੇ ਸੀ ।ਕਿਸਾਨ ਅਤੇ ਉਸਦੇ ਗੁਆਂਢੀਆਂ ਨੇ ਧੂੰਏਂ ਤੋਂ ਬਚਣ ਲਈ ਆਪਣੇ ਨੱਕ ਗਿੱਲੇ ਕੱਪੜਿਆਂ ਨਾਲ ਢੱਕ ਲਏ ਸੀ।



ਕੁਝ ਲੋਕ ਭਾਫ਼ ਚੜ੍ਹਦੇ ਤੇ ਧਧਕਦੇ ਲਾਵੇ ਦੇ ਨੇੜੇ ਗਏ। ਉਨ੍ਹਾਂ ਨੇ ਆਪਣੇ ਨਾਲ ਵੱਡੇ-ਵੱਡੇ ਸਲੀਬ ਫੜੇ ਹੋਏ ਸਨ।

ਉਨ੍ਹਾਂ ਨੇ ਅੱਗ 'ਤੇ ਕਾਬੂ ਪਾਉਣ ਲਈ ਪ੍ਰਮਾਤਮਾ ਅੱਗੇ ਪ੍ਰਾਰਥਨਾ ਕੀਤੀ। ਕਿਸਾਨ ਅਤੇ ਪਾਬਲੋ ਨੇ ਪਹਾੜੀ ਦੀ ਚੋਟੀ ਤੋਂ ਇਹ ਦ੍ਰਿਸ਼ ਵੇਖਿਆ ।





ਜੱਦ ਧਮਾਕੇ ਰੁੱਕ ਗਏ ਅਤੇ ਅੱਗ ਸ਼ਾਂਤ ਹੋ ਗਈ , ਕਿਸਾਨ ਦਾ ਘਰ ਤਬਾਹ ਹੋ ਚੁੱਕਾ ਸੀ।

ਸਕੂਲ ਸੜ ਕੇ ਸੁਆਹ ਹੋ ਗਿਆ ਸੀ। ਬਾਜ਼ਾਰ ਗਾਇਬ ਹੋ ਗਿਆ ਸੀ।ਅੱਧਾ ਪਿੰਡ ਤਬਾਹ ਹੋ ਗਿਆ ਸੀ।




ਫਿਰ ਇੱਕ ਦਿਨ ਕੁਝ ਵਰਦੀਧਾਰੀ ਸਿਪਾਹੀ ਕਾਰਾਂ ਅਤੇ ਟਰੱਕਾਂ ਵਿੱਚ ਉਨ੍ਹਾਂ ਦੇ ਪਿੰਡ ਆਏ।

"ਤਾਂ, ਤੂੰ ਹੀ ਉਹ ਹੈਂ ਜਿਸਨੇ ਆਪਣੇ ਹੱਲ ਨਾਲ ਧਰਤੀ ਖੋਲ੍ਹ ਛੱਡੀ ," ਉਸਨੇ ਕਿਸਾਨ ਨੂੰ ਕਿਹਾ ਅਤੇ ਉਹ ਹੱਸ ਪਿਆ। “ਤੁਸੀਂ ਖੁਸ਼ਕਿਸਮਤ ਹੋ ਕਿ ਤੁਸੀਂ ਜ਼ਿੰਦਾ ਹੋ, ਦੋਸਤ !”



ਸਿਪਾਹੀਆਂ ਨੇ ਪਿੰਡ ਵੱਲ ਦੇਖਿਆ। "ਸਾਰਿਆਂ ਨੂੰ ਇਹ ਪਿੰਡ ਛੱਡ ਦੇਣਾ ਚਾਹੀਦਾ ਹੈ!" ਕਪਤਾਨ ਨੇ ਕਿਹਾ।



"ਹੁਣ ਇੱਥੇ ਰਹਿਣਾ ਸੁਰੱਖਿਅਤ ਨਹੀਂ ਹੈ।"

ਫਿਰ ਕਿਸਾਨ, ਉਸਦੀ ਪਤਨੀ, ਪਾਬਲੋ, ਅਤੇ ਪਿੰਡ ਦੇ ਸਾਰੇ ਲੋਕ ਸਿਪਾਹੀਆਂ ਨਾਲ ਚਲ ਪਏ । ਉਹ ਟਰੱਕਾਂ ਵਿੱਚ ਸਵਾਰ ਹੋਕੇ ਗਏ।





ਕਿਸਾਨ ਨੂੰ ਨਵਾਂ ਘਰ ਮਿਲਿਆ ।ਨਵਾਂ ਘਰ ਉਸਦੇ ਪੁਰਾਣੇ ਘਰ ਨਾਲੋਂ ਵੱਡਾ ਸੀ।

ਨਵਾਂ ਘਰ ਪੁਰਾਣੇ ਘਰ ਤੋਂ ਬਹੁਤਾ ਦੂਰ ਨਹੀਂ ਸੀ, ਪਰ ਇਹ ਏੱਲ ਮਾਂਸਟਰੀਓ* (“ਰਾਖਸ਼ਸ " ਜਵਾਲਾਮੁਖੀ) ਤੋਂ ਸੁਰੱਖਿਅਤ ਹੋਣ ਲਈ ਕਾਫ਼ੀ ਦੂਰ ਸੀ। (*ਲੋਕਾਂ ਨੇ ਉਸ ਭਿਆਨਕ ਜਵਾਲਾਮੁਖੀ ਨੂੰ ਇਹ ਨਾਓਂ ਦਿੱਤਾ ਸੀ।)


ਲੋਕਾਂ ਨੇ ਇੱਕ ਨਵਾਂ ਪਿੰਡ ਬਣਾ ਲਿਆ , ਅਤੇ ਇੱਕ ਨਵਾਂ ਸਕੂਲ ਅਤੇ ਇੱਕ ਨਵਾਂ ਬਾਜ਼ਾਰ ਵੀ ।





ਲੋਕਾਂ ਨੇ ਇੱਕ ਸ਼ਾਨਦਾਰ ਪਾਰਟੀ (ਫਿਆਸਤਾ)ਕੀਤੀ , ਕਿਉਂਕਿ ਉਹ ਹੁਣ ਸੁਰੱਖਿਅਤ ਸਨ। ਫਿਆਸਤਾ ਵਿੱਚ ਇੱਕ ਬੈਂਡ ਵਜਾਇਆ ਗਿਆ। ਲੋਕੀਂ ਨੱਚੇ ਅਤੇ ਉਨ੍ਹਾਂ ਤਾੜੀਆਂ ਵਜਾਈਆਂ।






ਸ਼ਹਿਰ ਦੇ ਲੋਕ "ਰਾਖਸ਼ਸ ਜਵਾਲਾਮੁਖੀ" ਨੂੰ ਦੇਖਣ ਲਈ ਸ਼ਹਿਰ ਤੋਂ ਬੱਸ ਰਾਹੀਂ ਆਉਂਦੇ। ਪਿੰਡ ਦੇ ਲੋਕ ਉਨ੍ਹਾਂ ਨੂੰ ਖਾਣ ਲਈ ਸੰਤਰੇ, ਖਰਬੂਜੇ ਵੇਚਦੇ ਅਤੇ ਹੌਟ ਡੌਗ ਅਤੇ ਮੱਕੀ ਦੀ ਰੋਟੀ ਵੀ ।

ਹੁਣ ਕਿਸਾਨ ਕੋਲ ਇੱਕ ਨਵਾਂ ਖੇਤ ਸੀ। ਉਹ ਹਰ ਸਵੇਰ ਜਲਦੀ ਉੱਠਦਾ । ਅਜੇ ਵੀ ਹਨੇਰਾ ਸੀ, ਪਰ "ਰਾਖਸ਼" ਜਵਾਲਾਮੁਖੀ ਅਸਮਾਨ ਵਿੱਚ ਭੜਕ ਰਿਹਾ ਹੁੰਦਾ। ਹਰ ਸਵੇਰ, ਨਾਸ਼ਤੇ ਲਈ, ਉਹ ਦੋ ਮੱਕੀ ਦੀਆਂ ਰੋਟੀਆਂ ਖਾਂਦਾ, ਜੋ ਉਸਦੀ ਪਤਨੀ ਨੇ ਰਾਤ ਨੂੰ ਬਣਾਈਆਂ ਹੁੰਦੀਆਂ ਸਨ।

ਕਿਸਾਨ ਆਪਣੇ ਨਵੇਂ ਖੇਤ ਵਿੱਚ ਚਲਾ ਜਾਂਦਾ । ਉਸਦਾ ਬਲਦ ਪਹਿਲਾਂ ਵਾਂਗ ਹੀ ਉਸਦੇ ਨਾਲ ਜਾਂਦਾ ।






ਕਈ ਵਾਰ ਪਾਬਲੋ ਪਿੰਡ ਦੇ ਬੱਚਿਆਂ ਨੂੰ ਕਿਸਾਨ ਨੂੰ ਮਿਲਣ ਲਈ ਲਿਆਉਂਦਾ। ਕਿਸਾਨ ਦੇ ਖੇਤ ਵਿੱਚੋਂ, ਉਹ ਜਵਾਲਾਮੁਖੀ ਵਿੱਚੋਂ ਧੂੰਆਂ ਉੱਠਦਾ ਵੇਖ ਸਕਦੇ ਸਨ।

ਜਵਾਲਾਮੁਖੀ ਜਿਵੇਂ ਕੋਈ ਬੁੱਢਾ ਆਦਮੀ ਆਪਣੀ ਚਿਲਮ ਤੋਂ ਤੰਬਾਕੂਨੋਸ਼ੀ ਕਰ ਰਿਹਾ ਹੋਵੇ ।

ਬੱਚਿਆਂ ਨੇ ਕਿਸਾਨ ਨੂੰ ਪੁੱਛਿਆ, "ਕੀ ਤੁਸੀਂ ਹੋਰ ਬਣਾ ਦਿਓਂਗੇ ਇੱਕ ‘ਅੱਗ ਦੀ ਪਹਾੜੀ ?"



"ਨਹੀਂ, ਮੇਰੇ ਦੋਸਤੋ, ਨਹੀਂ," ਕਿਸਾਨ ਨੇ ਕਿਹਾ। ਫਿਰ ਉਹ ਹੱਸ ਪਿਆ। "ਮੇਰੇ ਲਈ ਅੱਗ ਦਾ ਇੱਕ ਪਹਾੜ ਹੀ ਕਾਫ਼ੀ ਏ।"

ਲੇਖਕ ਦਾ ਨੋਟ

ਇਹ ਕਹਾਣੀ 20 ਫਰਵਰੀ, 1943 ਨੂੰ ਮੈਕਸੀਕਨ ਰਾਜ ਮਿਚੋਆਕਨ ਵਿੱਚ ਡਾਇਓਨੀਸਿਓ ਪੁਲੀਡੋ ਨਾਮਕ ਇੱਕ ਤਾਰਾਸਕਨ ਭਾਰਤੀ ਦੇ ਮੱਕੀ ਦੇ ਖੇਤ ਵਿੱਚ ਪੈਰੀਕੁਟਿਨ ਜਵਾਲਾਮੁਖੀ ਦੇ ਫਟਣ ਦੀਆਂ ਰਿਪੋਰਟਾਂ 'ਤੇ ਅਧਾਰਤ ਹੈ।ਉਸ ਭਿਆਨਕ ਹਾਦਸੇ ਵਿੱਚ ਕੋਈ ਨਹੀਂ ਮਰਿਆ, ਪਰ ਦੋ ਹਜ਼ਾਰ ਤੋਂ ਵੱਧ ਲੋਕਾਂ ਨੇ ਆਪਣੇ ਘਰ ਗੁਆ ਦਿੱਤੇ।ਰਿਕਾਰਡ ਕੀਤੇ ਇਤਿਹਾਸ ਵਿੱਚ ਸਿਰਫ ਇੱਕ ਵਾਰ ਮਨੁੱਖੀ ਅੱਖਾਂ ਨੇ ਫਟਦੇ ਜਵਾਲਾਮੁਖੀ ਦੇ ਜਨਮ ਨੂੰ ਦੇਖਿਆ ਹੈ। ਇਹ ਕੈਨਰੀ ਟਾਪੂਆਂ ਦੇ ਟੇਨੇਰਾਈਫ 'ਤੇ ਹੋਇਆ ਸੀ।ਅੱਜ ਵੀ, ਲੋਕ ਪੈਰੀਕੁਟਿਨ ਜਾ ਸਕਦੇ ਹਨ। ਉੱਥੇ, ਉਹ ਜਵਾਲਾਮੁਖੀ ਅਤੇ ਤਬਾਹ ਹੋਏ ਪਿੰਡ ਨੂੰ ਦੇਖ ਸਕਦੇ ਹਨ - ਸਖ਼ਤ ਸੁਆਹ ਅਤੇ ਲਾਵੇ ਦੇ ਹੇਠਾਂ ਡੂੰਘਾ ਦੱਬਿਆ ਹੋਇਆ।

ਲੇਖਕ ਦਾ ਨੋਟ

ਇਹ ਕਹਾਣੀ ੨੦ ਫ਼ਰਵਰੀ੧੯੪੦ ਨੂੰ ਪਰਿਕੁਟੀਨ(Paricutin) ਜਵਾਲਾਮੁਖੀ ਫੱਟਣ ਦੀ ਰਿਪੋਰਟ ਤੇੰ ਅਧਾਰਿਤ ਹੈ । ਇਹ ਮੁਕਹੋਕਨ (Muchoacan) ਦੀ ਮਕਸਿਕੋ (Maxico) ਸਟੇਟ ਦੇ ਟਰਾਂਸਕਾਂਨ ਇੰਡੀਅਨ (Tarascan Indian) ਜਿਸਦਾ ਨਾਓ ਡਿਓਨਿਸਿਓ ਪੁੱਲੀਡੋ (Dionisio Pulido.)ਸੀ, ਦੇ ਮਕਈ ਦੇ ਫ਼ਾਰਮ ਵਿੱਚ ਹੋਇਆ ਸੀ । ਇਸ ਹਾਦਸੇ ਵਿੱਚ ਕੋਈ ਮਰਿਆ ਨਹੀਂ ਸੀ ਪਰ ਦੋ ਹਜ਼ਾਰ ਤੋਂ ਵੀ ਜ਼ਿਆਦਾ ਲੋਕੀਂ ਘਰ ਗੰਵਾ ਬੈਠੇ ਸਨ ।

ਲੇਖਬੱਧ ਇਤਿਹਾਸ ਵਿੱਚ ਇਸ ਤੋਂ ਪਹਿਲਾਂ ਸਿਰਫ਼ ਇੱਕ ਵਾਰੀ ਕਿਸੇ ਜਵਾਲਾਮੁਖੀ ਦਾ ਫੁੱਟਣਾ ਇਨਸਾਨੀ ਅੱਖ ਨਾਲ ਵੇਖਿਆ ਜਾਣਾਹੋ ਇਆ ਹੈ । ਏਹ ਟੇਨੇਰੀਫੇ (Tenerife)ਨਾਓ ਦੀ ਜਗਾਹ ਤੇ ਕਨੇਰੀ ਦ੍ਵੀਪ ਸਮੂਹ (Canary Islands)ਵਿੱਚ ਹੋਇਆ ਸੀ ।

ਲੋਕੀਂ ਅਜਕਲ ਪਰਿਕੁਟੀਨ(Paricutin) ਵੇਖਣ ਜਾ ਸਕਦੇ ਹਨ । ਓਥੇ ਉਹ ਜਵਾਲਾਮੁਖੀ ਵੇਖਣਗੇ ਅਤੇ ਹੋਰ ਵੇਖ ਸਕਦੇ ਹਨ , ਸੈਂਕੜੋਂ ਫੀਟ ਜਮੇ ਤੇ ਕੜੇ ਹੋਏ ਰਾਖ ਅਤੇ ਲਾਵੇ ਹੇਠ ਦੱਬਿਆ ਉਜੜਿਆ ਪਿੰਡ ਵੀ ।

ਅੱਗ ਦੀ ਪਹਾੜੀ

(“ਏਲ ਮੋਨਸਟਰੁਓ”.. ਭਿਆਨਕ ਰਾਕਸ਼ਸ)

ਪਾਬਲੋ ਦੇ ਪਿਤਾ ਲਈ ਹਰ ਦਿਨ ਇੱਕੋ ਜਿਹਾ ਹੀ ਸੀ। ਫਿਰ ਇੱਕ ਦਿਨ ਦੁਪਹਰੇ ਧਰਤੀ ਗੁੱਰ੍ਹਾਈ ,ਉਸਨੇ ਧੂਆਂ ਫ਼ੂਫ਼ਕਾਰਿਆ, ਅਤੇ ਓਹ ਉਸਦਾ ਹੱਲ ਲੀਲ ਗਈ। ..

ਇੱਕ ਜਵਾਲਾਮੁਖੀ ਫੁੱਟ ਰਿਹਾ ਸੀ ਮੱਕੀ ਦੇ ਖੇਤ ਦੇ ਵਿਚਕਾਰ ..